# ਪੰਜਾਬ ਵਿਧਾਨ ਸਭਾ

## ਸੱਤਵੇਂ ਸਮਾਗਮ

## ਨਿਸ਼ਾਨ ਵਾਲੇ ਪ੍ਰਸ਼ਨ

## 03 ਸਤੰਬਰ 2024

----

**ਕੁੱਲ ਪ੍ਰਸ਼ਨ 20**

----

### ਤਲਵੰਡੀ-ਫਰੀਦਕੋਟ ਰੋਡ ਅਤੇ ਫਰੀਦਕੋਟ-ਬੀੜ ਚਹਿਲ ਤੋਂ ਨਹਿਰਾਂ ਤੱਕ ਸੜਕ ਨੂੰ ਚਾਰ ਮਾਰਗੀ ਕਰਨਾ

***1167 ਸ. ਗੁਰਦਿੱਤ ਸਿੰਘ (ਫਰੀਦਕੋਟ):**

**ਲੋਕ ਨਿਰਮਾਣ, ਬਿਜਲੀ**

ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਤਲਵੰਡੀ-ਫਰੀਦਕੋਟ ਰੋਡ (ਟਹਿਣਾ ਬਾਈਪਾਸ ਤੋਂ ਰਾਜਸਥਾਨ ਫੀਡਰ ਤੱਕ) ਅਤੇ ਫਰੀਦਕੋਟ-ਬੀੜ ਚਹਿਲ (ਨੈਸ਼ਨਲ ਹਾਈਵੇਅ ROB) ਤੋਂ ਨਹਿਰਾਂ ਤੱਕ ਸੜਕਾਂ ਨੂੰ ਚਾਰ ਮਾਰਗੀ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ?

----

### ਹਲਕਾ ਕਾਦੀਆਂ ਦੇ ਸਿਹਤ ਕੇਂਦਰਾਂ ਵਿੱਚ ਸਟਾਫ ਅਤੇ ਹੋਰ ਸਹੂਲਤਾਂ ਦੀ ਘਾਟ ਨੂੰ ਪੂਰਾ ਕਰਨਾ

***1195 ਸ. ਪ੍ਰਤਾਪ ਸਿੰਘ ਬਾਜਵਾ (ਕਾਦੀਆਂ):**

**ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਮੈਡੀਕਲ ਸਿੱਖਿਆ ਅਤੇ ਖੋਜ, ਚੋਣ**

ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਕਾਦੀਆਂ, ਜਿਲ੍ਹਾ ਗੁਰਦਾਸਪੁਰ ਅਧੀਨ ਪੈਂਦੇ ਸਿਹਤ ਕੇਂਦਰਾਂ ਵਿੱਚ ਆਮ ਨਾਗਰਿਕਾਂ ਦੀ ਭਲਾਈ ਲਈ ਡਾਕਟਰਾਂ, ਪੈਰਾ ਮੈਡੀਕਲ ਸਟਾਫ, ਐਕਸਰੇ ਮਸ਼ੀਨਾਂ ਅਤੇ ਦਵਾਈਆਂ ਦੀ ਗੰਭੀਰ ਘਾਟ ਨੂੰ ਦੂਰ ਕਰਨ ਲਈ ਵਿਭਾਗ ਵੱਲੋਂ ਕੀ-ਕੀ ਕਦਮ ਚੁੱਕ ਗਏ ਹਨ ਅਤੇ ਇਨ੍ਹਾਂ ਸਿਹਤ ਕੇਂਦਰਾਂ ਵਿੱਚ ਹੁਣ ਤੱਕ ਮੁਹੱਈਆ ਕਰਵਾਈਆਂ ਗਈਆਂ ਦਵਾਈਆਂ ਅਤੇ ਮਸ਼ੀਨਾਂ ਦੀ ਗਿਣਤੀ ਵੇਰਵੇ

ਸਹਿਤ ਦੱਸੀ ਜਾਵੇ?

----

**ਵੇਰਕਾ ਬੂਥ ਖੋਲ੍ਹਣਾ**

*1239 DR. INDERBIR SINGH NIJJAR (ਅੰਮ੍ਰਿਤਸਰ ਦੱਖਣੀ):

**ਮੁੱਖ ਮੰਤਰੀ :-**

ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਵੇਰਕਾ ਦੁੱਧ ਦੀ ਵੱਧ ਤੋਂ ਵੱਧ ਸਪਲਾਈ ਕਰਨ ਲਈ ਵੇਰਕਾ ਬੂਥਾਂ ਦੀ ਮਾਤਰਾ ਵਧਾਉਣ ਲਈ ਸਰਕਾਰ ਦਾ ਕੋਈ ਉਪਬੰਧ ਹੈ; ਜੇਕਰ ਹੈ, ਤਾਂ ਨਵੇਂ ਬੂਥ ਹੋਲਡਰਾਂ ਦੀ ਸਿਲੈੱਕਸ਼ਨ ਦਾ ਕੀ ਕ੍ਰਾਈਟੇਰੀਆ ਹੈ;

ਅ) ਇਸ ਤੋਂ ਇਲਾਵਾ ਮਾਰਕੀਟ ਵਿੱਚ ਦੁੱਧ ਦੀ ਵਿਕਰੀ ਕਰਨ ਲਈ ਹੋਂਦ ਵਿੱਚ ਆਈਆਂ ਕਈ ਪ੍ਰਾਈਵੇਟ ਕੰਪਨੀਆਂ ਨੂੰ ਕਾਊਂਟਰ ਕਰਨ ਅਤੇ ਵੇਰਕਾ ਦੁੱਧ ਦੀ ਵਿਕਰੀ ਵਧਾਉਣ ਲਈ ਸਰਕਾਰ ਕੀ ਉਪਰਾਲਾ ਕਰ ਰਹੀ ਹੈ; ਵੇਰਵੇ ਸਹਿਤ ਦੱਸਿਆ ਜਾਵੇ?

----

**ਸੁਹੇਲੇਵਾਲਾ ਮਾਈਨਰ ਦਾ ਸਟੇਟਸ**

*1208 **ਸ਼੍ਰੀ ਜਗਦੀਪ ਕੰਬੋਜ਼ ਗੋਲਡੀ ( ਜਲਾਲਾਬਾਦ):**

**ਰੱਖਿਆ ਸੇਵਾਵਾਂ ਭਲਾਈ, ਆਜ਼ਾਦੀ ਘੁਲਾਟੀਆਂ, ਬਾਗਬਾਨੀ, ਸੂਚਨਾ ਅਤੇ ਲੋਕ ਸੰਪਰਕ, ਖਾਨ ਅਤੇ ਭੂ-ਵਿਗਿਆਨ, ਜਲ ਸਰੋਤ ਅਤੇ ਜ਼ਮੀਨ ਅਤੇ ਪਾਣੀ ਦੀ ਸੰਭਾਲ** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜਲਾਲਾਬਾਦ ਹਲਕੇ ਵਿੱਚ ਸੁਹੇਲੇਵਾਲਾ ਮਾਈਨਰ ਦਾ ਸਟੇਟਸ ਕੀ ਹੈ ਅਤੇ ਇਹ ਮਾਈਨਰ ਕਦੋਂ ਤੱਕ ਕੰਪਲੀਟ ਕਰ ਲਈ ਜਾਵੇਗੀ; ਵੇਰਵੇ ਸਹਿਤ ਦੱਸਿਆ ਜਾਵੇ?

----

**ਵੇਚੀ ਗਈ ਸ਼ਾਮਲਾਤ ਜ਼ਮੀਨ ਦੀ ਸਰਕਾਰੀ ਏਜੰਸੀ ਤੋਂ ਜਾਂਚ ਕਰਵਾਉਣਾ**

*1210 **ਸ਼੍ਰੀ ਗੁਰਲਾਲ ਸਿੰਘ (ਘਨੌਰ):**

**ਟਰਾਂਸਪੋਰਟ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ :-**

ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਘਨੌਰ ਵਿੱਚ ਪੈਂਦੇ ਬਲਾਕ ਸ਼ੰਭੂ ਕਲਾਂ ਦੇ ਪਿੰਡ ਸੇਹਰਾ, ਸੇਹਰੀ, ਆਕੜੀ, ਪਬਰਾ ਅਤੇ ਤਖਤੂ ਮਾਜਰਾ (Amritsar Kolkata Integrated Corridor Project (AKICP)) ਅਧੀਨ ਬਨਣ ਵਾਲੇ ਕੌਰੀਡੋਰ ਲਈ ਸ਼ਾਮਲਾਤ ਜਮੀਨ ਨੂੰ ਵੇਚਣ ਉਪਰੰਤ ਪ੍ਰਾਪਤ ਰਕਮ ਸਬੰਧੀ ਸਰਕਾਰੀ ਏਜੰਸੀ ਵੱਲੋਂ ਪੜਤਾਲ ਕੀਤੀ ਗਈ ਸੀ;

ਅ) ਕੀ ਡਾਇਰੈਕਟਰ ਪੰਚਾਇਤਾਂ ਵੱਲੋਂ ਇਸਦੀ ਰਿਕਵਰੀ ਕੀਤੀ ਜਾ ਚੁੱਕੀ ਹੈ; ਜੇਕਰ ਕੀਤੀ ਗਈ ਹੈ ਤਾਂ ਕਿੰਨੀ ਰਕਮ ਵਸੂਲ ਕੀਤੀ ਗਈ ਹੈ;

ੲ) ਇਸ ਤੋਂ ਇਲਾਵਾ ਜਿਨ੍ਹਾਂ ਅਧਿਕਾਰੀਆਂ/ਕਰਮਚਾਰੀਆਂ ਦੀ ਉਕਤ ਘਪਲੇ ਵਿੱਚ ਸ਼ਮੂਲੀਅਤ ਪਾਈ ਗਈ ਸੀ ਉਨ੍ਹਾਂ ਦੇ ਖਿਲਾਫ ਕੀ ਕਾਰਵਾਈ ਕੀਤੀ ਗਈ ਹੈ; ਵੇਰਵੇ ਸਹਿਤ ਦੱਸਿਆ ਜਾਵੇ?

----

## ਕਸਬਾ ਮਮਦੋਟ ਦੇ ਪਿੰਡ ਚੱਕ ਬੀਰ ਦੇ ਜੰਗਲ ਦੀ ਫੈਂਸਿੰਗ ਕਰਨਾ ਅਤੇ ਇਸ ਨੂੰ ਸੈਰ ਸਪਾਟੇ ਵਜੋਂ ਵਿਕਸਿਤ ਕਰਨਾ

***1262 ਸ਼੍ਰੀ ਰਜਨੀਸ਼ ਕੁਮਾਰ ਦਹੀਯਾ (ਫਿਰੋਜ਼ਪੁਰ ਦਿਹਾਤੀ ):**

**ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ, ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ**

ਕੀ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਫਿਰੋਜ਼ਪੁਰ ਦਿਹਾਤੀ ਦੇ ਕਸਬਾ ਮਮਦੋਟ ਦੇ ਪਿੰਡ ਚੱਕ ਬੀਰ ਵਿੱਚ ਕਰੀਬ 800 ਏਕੜ ਰਕਬੇ ਵਿੱਚ ਫੈਲਿਆ ਹੋਇਆ ਜੰਗਲ ਹੈ ਜਿਸ ਵਿੱਚ 25 ਮਈ 2023 ਨੂੰ ਕੰਡਿਆਲੀ ਤਾਰ ਦੀ ਫੈਂਸਿੰਗ ਲਈ ਨੀਂਹ ਪੱਥਰ ਰੱਖਿਆ ਸੀ ਪਰ ਉਹ ਫੈਂਸਿੰਗ ਦਾ ਕੰਮ ਅਧੂਰਾ ਪਿਆ ਹੈ, ਜਿਸ ਕਰਕੇ ਜੰਗਲ ਦੀਆਂ ਨੀਲ ਗਾਵਾਂ ਅਤੇ ਹੋਰ ਜੰਗਲੀ ਜਾਨਵਰਾਂ ਕਰਕੇ ਨਾਲ ਲੱਗਦੇ ਪਿੰਡਾਂ ਦੇ ਕਿਸਾਨਾਂ ਦੀਆਂ ਫਸਲਾਂ ਖਰਾਬ ਹੋ ਰਹੀਆਂ ਹਨ; ਜੇਕਰ ਅਜਿਹਾ ਹੋਵੇ ਤਾਂ ਇਹ ਫੈਂਸਿੰਗ ਦਾ ਕੰਮ ਕਦੋਂ ਤੱਕ ਮੁਕੰਮਲ ਹੋ ਜਾਵੇਗਾ ਅਤੇ ਕੀ ਇਸ ਜੰਗਲ ਨੂੰ ਸੈਰ ਸਪਾਟੇ ਵਜੋਂ ਵਿਕਸਿਤ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਵੇਰਵੇ ਸਹਿਤ ਦੱਸਿਆ ਜਾਵੇ ?

----

## ਐਡਵਾਂਸ ਕੈਂਸਰ ਹਸਪਤਾਲ ਬਠਿੰਡਾ ਵਿੱਖੇ ਨਿਊਕਲਿਅਰ ਮੈਡੀਸਨ ਦੇ ਉਪਕਰਨਾਂ ਦੀ ਘਾਟ ਪੂਰੀ ਕਰਨਾ

***1251 ਸ. ਜਗਰੂਪ ਸਿੰਘ ਗਿੱਲ (ਬਠਿੰਡਾ ਸ਼ਹਿਰੀ ):**

**ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਮੈਡੀਕਲ ਸਿੱਖਿਆ ਅਤੇ ਖੋਜ, ਚੋਣ**

ਕੀ ਮੈਡੀਕਲ ਸਿੱਖਿਆ ਅਤੇ ਖੋਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਐਡਵਾਂਸ ਕੈਂਸਰ ਹਸਪਤਾਲ ਬਠਿੰਡਾ ਵਿੱਖੇ ਨਿਊਕਲਿਅਰ ਮੈਡੀਸਨ ਨਾਲ ਸਬੰਧਤ ਪੂਰਾ ਬੁਨਿਆਦੀ ਢਾਂਚਾ ਅਤੇ ਬੰਕਰਸ ਉਪਲਬਧ ਹਨ, ਪ੍ਰੰਤੂ ਨਿਊਕਲਿਅਰ ਮੈਡੀਸਨ ਦੇ ਉਪਕਰਨਾਂ ਦੀ ਘਾਟ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਇਹਨਾਂ ਦੀ ਖਰੀਦ ਲਈ ਫੰਡ ਮੁਹੱਈਆ ਕਰਵਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ;ਜੇਕਰ ਹੈ ਤਾਂ ਕਦੋਂ ਤੱਕ?

----

## ਮਹਾਰਾਜਾ ਰਣਜੀਤ ਸਿੰਘ ਹਿੱਲ ਪਾਰਕ ਆਸਰੋਂ ਅਤੇ ਮਕਬਰਾ ਜਮਾਲ ਖਾਨ ਛੋਟੀ ਹਵੇਲੀ ਰੋਪੜ ਦੀ ਸਾਂਭ ਸੰਭਾਲ

***1256 ਸ਼੍ਰੀ ਦਿਨੇਸ਼ ਕੁਮਾਰ ਚੱਢਾ (ਰੂਪਨਗਰ):**

**ਸੈਰ ਸਪਾਟਾ ਅਤੇ ਸੱਭਿਆਚਾਰਕ ਮਾਮਲੇ, ਨਿਵੇਸ਼ ਪ੍ਰੋਤਸਾਹਨ, ਕਿਰਤ, ਪ੍ਰਾਹੁਣਚਾਰੀ :-**

ਕੀ ਸੈਰ ਸਪਾਟਾ ਅਤੇ ਸੱਭਿਆਚਾਰਕ ਮਾਮਲੇ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

ੳ) ਕੀ ਮਹਾਰਾਜਾ ਰਣਜੀਤ ਸਿੰਘ ਹਿੱਲ ਪਾਰਕ ਆਸਰੋਂ ਅਤੇ ਮਕਬਰਾ ਜਮਾਲ ਖਾਨ ਛੋਟੀ ਹਵੇਲੀ ਰੋਪੜ ਜੋਕਿ ਪ੍ਰੋਟੈਕਟਡ ਮੋਨੂਮੈਂਟ ਹਨ,ਦੀ ਸਾਂਭ ਸੰਭਾਲ ਲਈ ਪੰਜਾਬ ਐਂਸੀਐਂਟ ਅਤੇ ਹਿਸਟੋਰੀਕਲ ਮੋਨੂਮੈਂਟ ਐਕਟ ਤਹਿਤ ਕੋਈ ਕਾਰਵਾਈ ਕੀਤੀ ਗਈ;

ਅ) ਇਨ੍ਹਾਂ ਸਥਾਨਾਂ ਤੋਂ ਮਿਲੀਆਂ ਐਂਟੀਕ ਨਿਸ਼ਾਨੀਆਂ ਕਿੱਥੇ ਅਤੇ ਕਿਸਦੇ ਕਬਜੇ ਵਿੱਚ ਹਨ;

ੲ) ਇਨ੍ਹਾਂ ਸਥਾਨਾਂ ਦੀਆਂ ਕੁੱਲ ਜਮੀਨਾਂ ਦੇ ਵੇਰਵੇ ਦਿੱਤੇ ਜਾਣ ਅਤੇ ਦੱਸਿਆ ਜਾਵੇ ਕਿ ਕੀ ਇਹ ਜਮੀਨਾਂ ਵਿਭਾਗ ਦੇ ਕਬਜੇ ਹੇਠ ਹਨ ਕੀ ਨਹੀਂ ?

----

## ਆਦਮਪੁਰ ਏਅਰ ਪੋਰਟ ਰੋਡ ਨੂੰ ਚਾਰ ਮਾਰਗੀ ਕਰਨਾ

***1175 ਸ. ਸੁਖਵਿੰਦਰ ਸਿੰਘ ਕੋਟਲੀ ( ਆਦਮਪੁਰ):**

**ਲੋਕ ਨਿਰਮਾਣ, ਬਿਜਲੀ :-**

ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਜਲੰਧਰ -ਹੁਸ਼ਿਆਰਪੁਰ ਸੜਕ ਤੋਂ ਆਦਮਪੁਰ ਏਅਰ ਪੋਰਟ ਵਾਲੀ ਸੜਕ ਨੂੰ ਚਾਰ ਮਾਰਗੀ ਕਰਨ ਸਬੰਧੀ ਕਿੰਨਾਂ ਪੈਸਾ ਮਨਜ਼ੂਰ ਕੀਤਾ ਗਿਆ ਹੈ ਅਤੇ ਉਸ ਵਿੱਚੋਂ ਕਿੰਨੀ ਰਕਮ ਜਾਰੀ ਹੋਈ ਹੈ; ਜੇਕਰ ਰਕਮ ਜਾਰੀ ਹੋਈ ਤਾਂ ਇਸ ਦਾ ਕੰਮ ਕਦੋ ਸ਼ੁਰੂ ਹੋਇਆ ਅਤੇ ਕਦੋ ਤੱਕ ਮੁਕੰਮਲ ਹੋ ਜਾਵੇਗਾ ;

ਅ) ਇਸ ਸੜਕ ਦਾ ਨਾਮ ਗੁਰੂ ਰਵੀਦਾਸ ਮਹਾਰਾਜ ਜੀ ਦੇ ਨਾਮ ਤੇ ਰੱਖਿਆ ਗਿਆ ਸੀ, ਉਸ ਸਬੰਧੀ ਨਾਮ ਦੇ ਬੋਰਡ ਕਦੋਂ ਤੱਕ ਲਗਾ ਦਿੱਤੇ ਜਾਣਗੇ?

----

## ਅਨੁਸੂਚਿਤ ਜਾਤੀ ਵਰਗ ਦੇ ਵਿਦਿਆਰਥੀਆਂ ਨੂੰ ਪੋਸਟ ਮੈਟ੍ਰਿਕ ਵਜੀਫ਼ਾ ਦੇਣਾ

***1182 ਸ. ਕੁਲਵੰਤ ਸਿੰਘ (ਐਸ.ਏ.ਐਸ. ਨਗਰ):**

**ਸਮਾਜਿਕ ਨਿਆਂ, ਸਸ਼ਕਤੀਕਰਨ ਅਤੇ ਘੱਟ ਗਿਣਤੀਆਂ, ਸਮਾਜਿਕ ਸੁਰੱਖਿਆ, ਮਹਿਲਾ ਅਤੇ ਬਾਲ ਵਿਕਾਸ :-**

ਕੀ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਸਰਕਾਰ ਵੱਲੋਂ ਅਨੁਸੂਚਿਤ ਜਾਤੀ ਵਰਗ ਦੇ ਵਿਦਿਆਰਥੀਆਂ ਨੂੰ ਪੋਸਟ ਮੈਟ੍ਰਿਕ ਵਜੀਫ਼ਾ ਦੇਣ ਲਈ ਸਾਲ 2022-23, 2023-24 ਅਤੇ 2024-25 ਦੌਰਾਨ ਕਿੰਨੇ ਫ਼ੰਡ ਨਿਰਧਾਰਤ ਕੀਤੇ ਗਏ ਹਨ/ਸਨ;

ਅ) ਸਾਲ 2022-23, 2023-24 ਅਤੇ 2024-25 ਦੌਰਾਨ ਨਿਰਧਾਰਤ ਕੀਤੇ ਫ਼ੰਡਾਂ ਵਿੱਚੋਂ ਕਿੰਨੇ ਫ਼ੰਡ ਸਬੰਧਤ ਵਿਦਿਆਰਥੀਆਂ ਨੂੰ ਦਿੱਤੇ ਗਏ ਹਨ ਅਤੇ ਹਰ ਸਾਲ ਦੌਰਾਨ ਕਿੰਨੇ ਵਿਦਿਆਰਥੀਆਂ ਨੂੰ ਇਸ ਵਜ਼ੀਫ਼ੇ ਦੀ ਰਕਮ ਦਿੱਤੀ ਗਈ;

ੲ) ਕੀ ਵਜ਼ੀਫ਼ੇ ਦੀ ਇਸ ਰਕਮ ਵਿੱਚ ਕੇਂਦਰ ਸਰਕਾਰ ਦਾ ਬਣਦਾ ਹਿੱਸਾ ਪੰਜਾਬ ਸਰਕਾਰ ਨੂੰ ਪ੍ਰਾਪਤ ਹੋ ਰਿਹਾ ਹੈ; ਜੇਕਰ ਨਹੀਂ ਤਾਂ ਹੁਣ ਤੱਕ ਕਿੰਨੀ ਰਕਮ ਕੇਂਦਰ ਸਰਕਾਰ ਵੱਲ ਬਕਾਇਆ ਹੈ?

----

## ਹਲਕਾ ਦਸੂਹਾ ਦੇ ਬਲਾਕ ਤਲਵਾੜਾ ਅਤੇ ਕਮਾਹੀ ਦੇਵੀ ਦੇ ਪਾਸ ਹੋਏ ਬੱਸ ਸਟੈਂਡ ਬਣਾਉਣਾ

***1241 ਸ. ਕਰਮਬੀਰ ਸਿੰਘ (ਦਸੂਹਾ):**

**ਟਰਾਂਸਪੋਰਟ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ**

ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਦਸੂਹਾ ਦੇ ਬਲਾਕ ਤਲਵਾੜਾ ਅਤੇ ਕਮਾਹੀ ਦੇਵੀ ਦੇ ਪਾਸ ਹੋਏ ਬੱਸ ਸਟੈਂਡਾਂ ਲਈ ਕਿੰਨੀ ਰਾਸ਼ੀ ਮੰਨਜੂਰ ਹੋਈ ਹੈ ਅਤੇ ਇਸ ਦਾ ਕੰਮ ਕਦੋਂ ਤੱਕ ਸ਼ੁਰੂ ਕੀਤਾ ਜਾਵੇਗਾ; ਵੇਰਵੇ ਸਹਿਤ ਦੱਸਿਆ ਜਾਵੇ ?

----

## ਆਭਾ ਪਾਰਕ ਦਾ ਕੰਮ ਮੁੜ ਸ਼ੁਰੂ ਕਰਨਾ

***1286 ਸ਼੍ਰੀ ਸੰਦੀਪ ਜਾਖੜ (ਅਬੋਹਰ):**

**ਸਥਾਨਕ ਸਰਕਾਰਾਂ, ਸੰਸਦੀ ਮਾਮਲੇ**

ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਆਭਾ ਪਾਰਕ (ਨੇੜੇ ਜਨਰਲ ਬੱਸ ਸਟੈਂਡ ਅਬੋਹਰ) ਦਾ ਕੰਮ ਪਿਛਲੇ ਦੋ ਸਾਲਾਂ ਤੋਂ ਬੰਦ ਪਿਆ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਨੂੰ ਕਦੋਂ ਤੋਂ ਮੁੜ ਸ਼ੁਰੂ ਕਰਨ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ ਅਤੇ ਦੇਰੀ ਦੇ ਕਾਰਨ ਕੀ ਹਨ ?

----

## ਹਲਕਾ ਜਗਰਾਉ ਨੂੰ ਨਹਿਰੀ ਪਾਣੀ ਦਿਵਾਉਣਾ

***1247 ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ (ਜਗਰਾਉਂ):**

**ਰੱਖਿਆ ਸੇਵਾਵਾਂ ਭਲਾਈ, ਆਜ਼ਾਦੀ ਘੁਲਾਟੀਆਂ, ਬਾਗਬਾਨੀ, ਸੂਚਨਾ ਅਤੇ ਲੋਕ ਸੰਪਰਕ, ਖਾਨ ਅਤੇ ਭੂ-ਵਿਗਿਆਨ, ਜਲ ਸਰੋਤ ਅਤੇ ਜ਼ਮੀਨ ਅਤੇ ਪਾਣੀ ਦੀ ਸੰਭਾਲ** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਜਗਰਾਉ ਦਾ ਕੁੱਲ ਕਿੰਨਾ ਰਕਬਾ ਨਹਿਰੀ ਪਾਣੀ ਤੋਂ ਵਾਝਾਂ ਹੈ ਅਤੇ ਕਿੰਨੇ ਥਾਵਾਂ ਤੇ ਅਜੇ ਤੱਕ ਖਾਲ ਵੀ ਨਹੀ ਛੁੱਡਵਾਏ ਗਏ ਹਨ; ਜੇਕਰ ਅਜਿਹਾ ਹੋਵੇ ਤਾਂ ਇਸ ਨੂੰ ਕਦੋਂ ਤੱਕ ਪੂਰਾ ਕੀਤਾ ਜਾਵੇਗਾ; ਵੇਰਵੇ ਸਹਿਤ ਦੱਸਿਆ ਜਾਵੇ ?

----

## ਡਾਕਟਰਾਂ ਅਤੇ ਪੈਰਾਮੈਡੀਕਲ ਸਟਾਫ ਦੀਆਂ ਖਾਲੀ ਅਸਾਮੀਆਂ ਭਰਨਾ

***1192 ਸ਼੍ਰੀਮਤੀ ਗਨੀਵ ਕੌਰ ਮਜੀਠੀਆ ( ਮਜੀਠਾ):**

**ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਮੈਡੀਕਲ ਸਿੱਖਿਆ ਅਤੇ ਖੋਜ, ਚੋਣ :-**

ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਸੀ.ਐਚ.ਸੀ., ਮਜੀਠਾ, ਪੀ.ਐੱਚ.ਸੀ., ਥਰਾਏਵਾਲਾ ਅਤੇ ਮਿੰਨੀ ਪੀ.ਐੱਚ.ਸੀ. ਚਵਿੰਡਾ ਦੇਵੀ (ਜਿਲ੍ਹਾ ਅੰਮਿ੍ਤਸਰ) ਵਿੱਚ ਇਸ ਵੇਲੇ ਡਾਕਟਰਾਂ ਅਤੇ ਪੈਰਾਮੈਡੀਕਲ ਸਟਾਫ ਦੀਆਂ ਕਿੰਨੀਆਂ ਮਨਜ਼ੂਰਸ਼ੁਦਾ ਅਸਾਮੀਆਂ ਹਨ; ਇਨ੍ਹਾਂ ਵਿੱਚੋਂ ਕਿੰਨੀਆਂ ਅਸਾਮੀਆਂ ਕਿੰਨੇ ਚਿਰ ਤੋਂ ਖਾਲੀ ਪਈਆਂ ਹਨ ਅਤੇ ਇਨ੍ਹਾਂ ਅਸਾਮੀਆਂ ਨੂੰ ਖਾਲੀ ਰੱਖਣ ਦੇ ਕੀ ਕਾਰਨ ਹਨ;

ਅ) ਉਪਰੋਕਤ ਖਾਲੀ ਅਸਾਮੀਆਂ ਨੂੰ ਕਦੋਂ ਤੱਕ ਭਰ ਦਿੱਤਾ ਜਾਵੇਗਾ; ਵੇਰਵੇ ਸਹਿਤ ਦੱਸਿਆ ਜਾਵੇ ?

----

## ਗੰਗਸਰ ਜੈਤੋਂ ਵਿਖੇ ਗੁਰੂ ਗੋਬਿੰਦ ਸਿੰਘ ਮਾਰਗ ਉੱਪਰ ਬਣੇ ਰੇਲਵੇ ਫਾਟਕ ਨੰਬਰ ਏ 17 ਉੱਪਰ ਅੰਡਰ ਜਾਂ ਓਵਰ ਬ੍ਰਿਜ ਬਣਾਉਣਾ

***1197 ਸ. ਅਮੋਲਕ ਸਿੰਘ (ਜੈਤੋ):**

**ਲੋਕ ਨਿਰਮਾਣ, ਬਿਜਲੀ**

ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸ਼੍ਰੀ ਗੁਰੂ ਗੋਬਿੰਦ ਸਿੰਘ ਮਾਰਗ ਤੇ ਜੈਤੋ ਵਿਖੇ ਬਣੇ ਭਾਰਤੀ ਰੇਲਵੇ ਫਾਟਕ ਨੰਬਰ ਏ 17 ਦੇ ਬਾਰ-ਬਾਰ ਬੰਦ ਰਹਿਣ ਕਾਰਨ ਲੋਕਾਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਸਕੂਲਾਂ ਕਾਲਜਾਂ ਦੇ ਬੱਚੇ, ਹਸਪਤਾਲਾਂ ਦੇ ਮਰੀਜ਼ (ਐਂਬੂਲੈਂਸ) ਅਤੇ ਫਾਇਰ ਬ੍ਰਿਗੇਡ ਵਰਗੀਆਂ ਸੇਵਾਵਾਂ ਵੀ ਬਹੁਤ ਜਿਆਦਾ ਪ੍ਰਭਾਵਿਤ ਹੁੰਦੀਆਂ ਹਨ; ਜੇਕਰ ਅਜਿਹਾ ਹੋਵੇ ਤਾਂ ਕੀ ਇਸ ਫਾਟਕ ਤੇ ਅੰਡਰ ਜਾਂ ਓਵਰ ਬ੍ਰਿਜ ਬਣਾਉਣ ਦੀ ਤਜਵੀਜ਼ ਬਣਾ ਕੇ ਸਰਕਾਰ ਵੱਲੋਂ ਰੇਲਵੇ ਨੂੰ ਪੱਤਰ ਭੇਜਿਆ ਜਾਵੇਗਾ; ਜੇਕਰ ਹਾਂ ਤਾਂ ਕਦੋਂ ਤੱਕ ?

----

## ਲੁਧਿਆਣਾ ਦੱਖਣੀ ਵਿਖੇ ਸਬ-ਤਹਿਸੀਲ ਬਣਾਉਣਾ

***1196 ਸ਼੍ਰੀਮਤੀ ਰਾਜਿੰਦਰ ਪਾਲ ਕੌਰ (ਲੁਧਿਆਣਾ ਦੱਖਣੀ):**

**ਮਾਲ, ਮੁੜ ਵਸੇਬਾ ਅਤੇ ਆਫ਼ਤ ਪ੍ਰਬੰਧਨ, ਜਲ ਸਪਲਾਈ ਅਤੇ ਸੈਨੀਟੇਸ਼ਨ**

ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕਿ ਹਲਕਾ ਲੁਧਿਆਣਾ ਦੱਖਣੀ ਵਿਖੇ ਸੰਘਣੀ ਆਬਾਦੀ ਨੂੰ ਵੇਖਦੇ ਹੋਏ ਉੱਥੇ ਸਬ-ਤਹਿਸੀਲ ਬਣਾਉਣ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

----

## ਸੂਬੇ ਦੇ ਪਿੰਡਾਂ ਵਿੱਚ ਹੱਡਾਂ ਰੋੜੀਆਂ ਦੇ ਠੇਕੇ ਸ਼ੁਰੂ ਕਰਨਾ

***1203 ਸ਼੍ਰੀ ਬਲਕਾਰ ਸਿੰਘ ਸਿੱਧੂ (ਰਾਮਪੁਰਾ ਫੂਲ):**

**ਟਰਾਂਸਪੋਰਟ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸੂਬੇ ਵਿੱਚ ਹੱਡਾ ਰੋੜੀਆਂ ਘੱਟ ਗਈਆਂ ਹਨ ਅਤੇ ਜੋ ਮੁਰਦਾ ਪਸ਼ੂਆਂ ਨੂੰ ਚੁੱਕਣ ਵਾਲੇ ਪੈਸੇ ਲੈ ਕੇ ਪਸ਼ੂ ਚੁੱਕਦੇ ਹਨ ਉਹ ਕਈ-ਕਈ ਦਿਨ ਪਸ਼ੂ ਚੁੱਕਣ ਨਹੀਂ ਆਉਂਦੇ ਜਿਸ ਕਾਰਨ ਮੁਰਦਾ ਪਸ਼ੂ ਘਰਾਂ ਵਿੱਚ ਹੀ ਪਏ ਰਹਿੰਦੇ ਹਨ; ਜੇਕਰ ਅਜਿਹਾ ਹੈ ਤਾਂ ਕੀ ਸਰਕਾਰ ਸੂਬੇ ਦੇ ਪਿੰਡਾਂ ਵਿੱਚ ਹੱਡਾ ਰੋੜੀਆਂ ਦੇ ਠੇਕੇ ਸ਼ੁਰੂ ਕਰਕੇ ਲੋਕਾਂ ਦੀ ਸਮੱਸਿਆ ਨੂੰ ਹੱਲ ਕਰਨ ਦੀ ਕੋਈ ਤਜਵੀਜ਼ ਰੱਖਦੀ ਹੈ; ਜੇਕਰ ਅਜਿਹਾ ਹੈ ਤਾਂ ਕਦੋਂ ਤੱਕ ?

----

## ਹਲਕਾ ਦੀਨਾਨਗਰ ਅਧੀਨ ਆਉਂਦੇ ਸੜਕਾਂ ਅਤੇ ਪੁਲਾਂ ਦੇ ਪ੍ਰੋਜੈਕਟਾਂ ਦੀ ਸਥਿਤੀ

***1227 ਸ਼੍ਰੀਮਤੀ ਅਰੁਣਾ ਚੌਧਰੀ (ਦੀਨਾ ਨਗਰ):**

**ਲੋਕ ਨਿਰਮਾਣ, ਬਿਜਲੀ**

ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਦੀਨਾਨਗਰ ਅਧੀਨ ਜਿਨ੍ਹਾਂ ਸੜਕਾਂ, ਪੁਲਾਂ ਅਤੇ ਹੋਰ ਪ੍ਰੋਜੈਕਟਾਂ ਦੀ ਤਕਨੀਕੀ ਅਤੇ ਪ੍ਰਬੰਧਕੀ ਪ੍ਰਵਾਨਗੀਆਂ ਮਿਤੀ 31 - 3-2022 ਤੱਕ ਦੇ ਦਿੱਤੀਆਂ ਗਈਆਂ ਸਨ, ਉਹ ਕੰਮ ਪੂਰੇ ਹੋ ਚੁੱਕੇ ਹਨ; ਜੇਕਰ ਨਹੀਂ ਤਾਂ ਉਸਦੇ ਕੀ ਕਾਰਨ ਹਨ; ਵੇਰਵੇ ਸਹਿਤ ਦੱਸਿਆ ਜਾਵੇ ?

----

## ਸਿਹਤ ਵਿਭਾਗ ਵੱਲੋਂ ਵਿੱਤੀ ਸਾਲ, 2022—2023, 2023—2024 ਅਤੇ 2024—25 ਵਿੱਚ ਖ਼ਰਚ ਕੀਤੇ ਗਏ ਬਜਟ ਸਬੰਧੀ।

***1179 ਡਾ. ਸੁਖਵਿੰਦਰ ਕੁਮਾਰ ਸੁੱਖੀ (ਬੰਗਾ):**

**ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਮੈਡੀਕਲ ਸਿੱਖਿਆ ਅਤੇ ਖੋਜ, ਚੋਣ :-**

ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਰਾਜ ਸਰਕਾਰ ਨੇ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਲਈ ਵਿੱਤੀ ਸਾਲ 2022—23, 2023—24 ਅਤੇ 2024—25 ਵਾਸਤੇ ਕਿਸ—ਕਿਸ ਪਰਪਜ਼ ਲਈ, ਕੁੱਲ ਕਿੰਨਾਂ—ਕਿੰਨਾਂ ਬਜਟ ਰੱਖਿਆ ਸੀ;

(ਅ) ਕੀ ਵਿੱਤੀ ਸਾਲ 2022—23 ਅਤੇ 2023—24 ਲਈ ਸਰਕਾਰ ਵੱਲੋਂ ਰੱਖੇ ਗਏ ਬਜਟ ਵਿੱਚੋਂ ਸਿਹਤ ਵਿਭਾਗ ਨੂੰ ਜਿਸ ਪਰਪਜ਼ ਲਈ ਬਜਟ ਮਿਲਿਆ ਸੀ ਉਸੇ ਪਰਪਜ਼ ਲਈ ਪੂਰਾ ਬਜਟ ਖ਼ਰਚ ਕਰਕੇ, ਖ਼ਰਚੇ ਦੇ ਸਾਰੇ ਵਰਤੋਂ ਸਰਟੀਫਿ੍ਕੇਟ ਸਮੇਂ ਸਿਰ ਸਰਕਾਰ ਨੂੰ ਭੇਜ ਦਿੱਤੇ ਸਨ; ਜੇਕਰ ਹਾਂ ਤਾਂ ਇਸ ਦੇ ਵਿੱਤੀ ਸਾਲਵਾਰ ਵੇਰਵੇ ਕੀ ਹਨ ਅਤੇ ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ ਅਤੇ ਬਾਕੀ ਬਜਟ ਬਚਣ ਕਾਰਨ ਕਿਹੜੇ—ਕਿਹੜੇ ਕੰਮ ਨਹੀਂ ਹੋ ਸਕੇ ਤੇ ਬਚੀ ਹੋਈ ਰਕਮ ਦਾ ਕੀ ਕੀਤਾ ਗਿਆ;

(ੲ) ਚਾਲੂ ਵਿੱਤੀ ਸਾਲ ਦੇ ਕੁੱਲ ਬਜਟ ਵਿੱਚੋਂ ਹੁਣ ਤੱਕ ਕਿਹੜੇ—ਕਿਹੜੇ ਕੰਮਾਂ ਤੇ ਕਿੰਨਾਂ ਬਜਟ ਖ਼ਰਚ ਕੀਤਾ ਜਾ ਚੁੱਕਿਆ ਹੈ ਤੇ ਬਾਕੀ ਬਚੇ ਬਜਟ ਨੂੰ ਚਾਲੂ ਵਿੱਤੀ ਸਾਲ ਦੇ ਖ਼ਤਮ ਹੋਣ ਤੋਂ ਪਹਿਲਾਂ ਪੂਰਾ ਖ਼ਰਚ ਕਰਨ ਨੂੰ ਯਕੀਨੀ ਬਣਾਉਣ ਲਈ ਕੀ ਕਾਰਵਾਈ ਕੀਤੀ ਜਾ ਰਹੀ ਹੈ;

(ਸ) ਕੀ ਵਿੱਤੀ ਸਾਲ 2022—23, 2023—24 ਅਤੇ 2024—25 ਦੌਰਾਨ ਵੱਖ—ਵੱਖ ਸੈਂਟਰਲ ਸਪੌਂਸਰਡ ਸਕੀਮਾਂ ਦੇ ਅਪਰੂਵਡ ਆਊਟ—ਲੇ ਫ਼ੰਡ ਦੇ ਕੇਂਦਰ ਤੇ ਰਾਜ ਸਰਕਾਰ ਨੇ ਆਪਣੇ—ਆਪਣੇ ਹਿੱਸੇ ਦੇ ਪੂਰੇ ਫ਼ੰਡ ਸਮੇਂ ਸਿਰ ਰਿਲੀਜ਼ ਕਰ ਦਿੱਤੇ ਸਨ; ਜੇਕਰ ਹਾਂ ਤਾਂ ਇਸ ਦੇ ਵੇਰਵੇ ਕੀ ਹਨ ਅਤੇ ਜੇਕਰ ਨਹੀਂ ਤਾਂ ਕਿੰਨੇ—ਕਿੰਨੇ ਫ਼ੰਡ ਘੱਟ ਜਾਂ ਬਿਲਕੁੱਲ ਹੀ ਰਿਲੀਜ਼ ਨਹੀਂ ਕੀਤੇ ਗਏ ਅਤੇ ਅਜਿਹਾ ਕਰਨ ਦੇ ਕੀ ਕਾਰਨ ਹਨ; ਵਿਸਥਾਰ ਪੂਰਵਕ ਦੱਸਿਆ ਜਾਵੇ?

----

## ਸ਼ਿਕਰਲੀਗਰ ਸਿੱਖ ਭਾਈਚਾਰੇ ਦੇ ਪਰਿਵਾਰਾਂ ਨੂੰ ਮੁੜ ਵਸਾਉਣਾ

***1221 ਸ. ਮਨਵਿੰਦਰ ਸਿੰਘ ਗਿਆਸਪੁਰਾ (ਪਾਇਲ):**

**ਮਾਲ, ਮੁੜ ਵਸੇਬਾ ਅਤੇ ਆਫ਼ਤ ਪ੍ਰਬੰਧਨ, ਜਲ ਸਪਲਾਈ ਅਤੇ ਸੈਨੀਟੇਸ਼ਨ** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਜੁਲਾਈ 2010 ਵਿੱਚ ਪਾਇਲ ਸਥਿਤ ਪੁਰਾਤਨ ਕਿਲ੍ਹੇ ਵਿਚੋਂ ਸ਼ਿਕਲੀਗਰ ਸਿੱਖ ਭਾਈਚਾਰੇ ਦੇ ਪਰਿਵਾਰਾਂ ਨੂੰ ਉਜਾੜਿਆ ਗਿਆ ਸੀ; ਜੇਕਰ ਅਜਿਹਾ ਹੈ ਤਾਂ ਕੀ ਇਹਨਾਂ ਪਰਿਵਾਰਾਂ ਦੇ ਮੁੜ ਵਸੇਬੇ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

----

**ਚੰਡੀਗੜ੍ਹ, 160001.** — **ਰਾਮ ਲੋਕ ਖਟਾਣਾ,**

**31 ਅਗਸਤ 2024.** — **ਸਕੱਤਰ**